




# ਪੰਜਾਬ ਦੇ ਨਵੇਂ ਧਾਰਮਿਕ ਰੁਝਾਨ :

## 21ਵੀਂ ਸਦੀਂ ਵਿਚ ਵਿਚਰਦਿਆਂ



**ਅਮਨਦੀਪ ਕੌਰ**
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
99144-92258
aman8369
@gmail.com

21 ਵੀਂ ਸਦੀ ਵਿਗਿਆਨ ਅਤੇ ਤਕਨਾਲੋਜੀ ਦੀ ਸਦੀ ਹੈ। ਤਕਨਾਲੋਜੀ ਦੇ ਖੇਤਰ ਵਿਚ ਹੋਈਆਂ ਨਿੱਤ ਨਵੀਆਂ ਕਾਢਾਂ ਨੇ ਸਾਡੀ ਜ਼ਿੰਦਗੀ ਨੂੰ ਕਾਫ਼ੀ ਸੁਖਾਲਾ ਕਰ ਦਿੱਤਾ ਹੈ। ਨਵੇਂ-ਨਵੇਂ ਪ੍ਰਯੋਗਾਂ ਨੇ ਬਹੁਤ ਸਾਰੀਆਂ ਬਣੀਆਂ ਧਾਰਨਾਵਾਂ ਨੂੰ ਤੋੜਿਆ ਹੈ ਅਤੇ ਉਨ੍ਹਾਂ ਦੀ ਹਕੀਕਤ ਤੋਂ ਜਾਣੂ ਕਰਵਾਇਆ ਹੈ। ਧਰਮ ਦੀ ਵਿਹਾਰਕਤਾ ਦੇ ਖੇਤਰ ਨੂੰ ਵੀ ਇਨ੍ਹਾਂ ਤਬਦੀਲੀਆਂ ਨੇ ਪ੍ਰਭਾਵਿਤ ਕੀਤਾ ਹੈ। ਇਸ ਬਾਰੇ ਸੋਚਿਆ ਵੀ ਇਹੀ ਗਿਆ ਸੀ ਕਿ ਇਹ ਦੌਰ ਮਨੁੱਖਤਾ ਦੀ ਸਦੀਵਤਾ, ਸਥਿਰਤਾ ਦਾ ਯੁੱਗ ਬਣ ਕੇ ਪੇਸ਼ ਹੋਵੇਗਾ। ਧਰਮ ਦਾ ਖੇਤਰ ਵੇਲਾ ਵਿਹਾ ਚੁੱਕੇ ਖੇਤਰਾਂ ਵਿਚ ਸ਼ੁਮਾਰ ਹੋ ਜਾਵੇਗਾ ਪਰੰਤੂ ਜੋ ਸੋਚਿਆ ਗਿਆ ਸੀ ਉਸ ਤਰ੍ਹਾਂ ਨਹੀਂ ਹੋਇਆ ਸਗੋਂ ਉਸਦੇ ਉਲਟ ਵੀ ਵਾਪਰ ਰਿਹਾ ਹੈ। ਅੱਜ ਦਾ ਸਮਾਂ ਵਿਸ਼ਵੀਕ੍ਰਿਤ ਸਰਮਾਏ ਦਾ ਸਮਾਂ ਹੈ। ਪੂਰਾ ਸੰਸਾਰ ਸਰਮਾਏ ਦੀਆਂ ਬਣਤਰਾਂ ਦਾ ਅਨੁਸਾਰੀ ਹੋਣ ਕਰਕੇ 'ਇਕ ਪਿੰਡ' ਦੇ ਰੂਪ ਵਿਚ ਸੰਕਲਪਿਆ ਜਾ ਰਿਹਾ ਹੈ। ਸਰਮਾਏ ਦੇ ਫੈਲਾਉ ਅਤੇ ਤੀਬਰ ਗਤੀਸ਼ੀਲਤਾ ਕਰਕੇ ਅਲੱਗ ਅਲੱਗ ਦੇਸ਼ਾਂ ਦੇ ਵਾਸੀਆਂ ਦਾ ਆਪਸ ਵਿਚ ਮੇਲਜੋਲ ਮੁਕਾਬਲਤਨ ਸੌਖਾ ਹੋ ਗਿਆ ਹੈ। ਅੱਜਕੱਲ੍ਹ ਸਾਨੂੰ ਇੰਟਰਨੈੱਟ ਅਤੇ ਮੀਡੀਆ ਦੁਆਰਾ ਵਿਸ਼ਵ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਖ਼ਬਰ ਦਾ ਪਤਾ ਮਿੰਟਾਂ-ਸਕਿੰਟਾਂ ਵਿਚ ਲੱਗ ਜਾਂਦਾ ਹੈ। ਇਕ ਦੂਸਰੇ ਦੇ ਸਭਿਆਚਾਰ ਅਤੇ ਭਾਸ਼ਾ ਬਾਰੇ ਕਾਫ਼ੀ ਆਸਾਨੀ ਨਾਲ ਸਾਡੇ ਤੱਕ ਇਸ ਦੀ ਜਾਣਕਾਰੀ ਪਹੁੰਚ ਜਾਂਦੀ ਹੈ।

ਵਿਸ਼ਵੀਕਰਨ ਦੀ ਆਲੋਚਨਾ ਕਰਨ ਵਾਲਿਆ ਦਾ ਕਹਿਣਾ ਹੈ ਕਿ ਜੇ ਇਕ ਪਾਸੇ ਵਿਸ਼ਵੀਕਰਨ ਦੇ ਉਭਾਰ ਨੇ ਬੇਸ਼ੱਕ ਸੰਸਾਰ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਤੋਂ ਨਿਜਾਤ ਦਿਵਾਈ ਹੈ, ਪਰੰਤੂ ਦੂਸਰੇ ਪਾਸੇ ਵਿਸ਼ਵੀਕਰਨ ਨੇ ਮਨੁੱਖ ਨੂੰ ਆਪਣੀ ਹੋਂਦ ਦੀ ਪਛਾਣ ਦੇ ਸੰਕਟ ਵੱਲ ਧਕੇਲਿਆ ਹੈ। ਵਿਸ਼ਵੀਕਰਨ ਦਾ ਇਕ ਹਿੱਸਾ ਆਰਥਿਕ ਵਿਸ਼ਵੀਕਰਨ ਹੈ। "ਆਰਥਿਕ ਵਿਸ਼ਵੀਕਰਨ ਵਸਤੂਆਂ ਅਤੇ ਸੇਵਾਵਾਂ ਦੇ ਸੀਮਾਂ-ਪਾਰ ਵਪਾਰ ਦੇ ਵਧ ਰਹੇ ਪੈਮਾਨੇ, ਅੰਤਰਰਾਸ਼ਟਰੀ ਪੂੰਜੀ ਦੇ ਪ੍ਰਵਾਹ ਅਤੇ ਤਕਨਾਲੋਜੀਆਂ ਦੇ ਵਿਆਪਕ ਅਤੇ ਤੇਜ਼ੀ ਨਾਲ ਫੈਲਣ ਦੇ ਨਤੀਜੇ ਵਜੋਂ ਵਿਸ਼ਵ ਅਰਥਚਾਰਿਆਂ ਦੀ ਵਧਦੀ ਅੰਤਰ-ਨਿਰਭਰਤਾ ਨੂੰ ਦਰਸਾਉਂਦਾ ਹੈ।"[1] ਇਹ ਉਹ ਆਮ ਗੱਲ ਹੈ ਜੋ ਆਰਥਿਕ ਵਿਸ਼ਵੀਕਰਨ ਬਾਰੇ ਆਮ ਬੋਲੀ ਜਾਂਦੀ ਹੈ। ਆਰਥਿਕ ਵਿਸ਼ਵੀਕਰਨ ਦੀ ਆਲੋਚਨਾ ਕਰਨ ਵਾਲਿਆ ਦਾ ਮੰਨਣਾ ਹੈ ਕਿ ਇਸਦਾ ਅਣਦਿਖਦਾ ਪੱਖ ਜਿਸ ਬਾਰੇ ਗੱਲ ਨਹੀਂ ਕੀਤੀ ਜਾਂਦੀ ਉਹ ਕੁਝ ਹੋਰ ਕਹਾਣੀ ਬਿਆਨ ਕਰਦਾ ਹੈ।

ਜਿਕਰਯੋਗ ਹੈ ਕਿ ਵਧ ਰਿਹਾ ਆਰਥਿਕ ਵਿਸ਼ਵੀਕਰਨ ਵੀ ਅਸਿੱਧੇ ਤੌਰ 'ਤੇ ਧਰਮ ਦੀ ਮਹੱਤਤਾ ਨੂੰ ਵਧਾਉਣ ਲਈ ਜਰਖ਼ੇਜ਼ ਜ਼ਮੀਨ ਤਿਆਰ ਕਰ ਸਕਦਾ

ਹੈ। ਘਰੇਲੂ ਆਰਥਿਕਤਾ 'ਤੇ ਇਸ ਦੇ ਮਾੜੇ ਪ੍ਰਭਾਵ, ਜਿਵੇਂ ਕਿ ਗਰੀਬੀ, ਵਧਦੀ ਅਸਮਾਨਤਾ ਅਤੇ ਵਧਦੀ ਬੇਰੁਜ਼ਗਾਰੀ, ਸਵੈ-ਹੋਂਦ ਦਾ ਸਵਾਲ ਧਰਮ ਦੀ ਮਹੱਤਤਾ ਨੂੰ ਵਧਾ ਸਕਦੇ ਹਨ। ਸਾਡਾ ਇਹ ਮੰਨਣਾ ਹੈ ਕਿ 21ਵੀਂ ਸਦੀ ਵਿਚ ਨਵੇਂ ਧਾਰਮਿਕ ਰੁਝਾਨ ਪੈਦਾ ਹੋ ਰਹੇ ਹਨ। ਵਿਗਿਆਨ ਦੇ ਪਾਸਾਰ ਅਤੇ ਤਕਨਾਲੋਜੀ ਦੇ ਦੂਰ ਦੂਰ ਤਕ ਪਹੁੰਚਣ ਦੇ ਸਿੱਟੇ ਵਜੋਂ ਧਰਮ ਖ਼ਤਮ ਹੋਣ ਦੀ ਬਜਾਇ ਪਹਿਲਾਂ ਨਾਲੋਂ ਵੱਧ ਪ੍ਰਫੁੱਲਿਤ ਹੋਇਆ ਹੈ।

ਆਰਥਿਕ ਵਿਸ਼ਵੀਕਰਨ ਨੇ ਲੋਕਾਂ ਨੂੰ ਅਸਥਿਰਤਾ ਅਤੇ ਅਸਦੀਵੀਪਣ ਦਿੱਤਾ ਹੈ। ਇਹਨਾਂ ਦੇ ਨਤੀਜੇ ਵਜੋਂ ਹੀ ਲੋਕ ਆਪਣੀਆਂ ਧਾਰਮਿਕ ਕਿਰਿਆਵਾਂ ਵੱਲ ਮੁੜ ਤੋਂ ਪਰਤ ਰਹੇ ਹਨ। ਯੋਂਕਾ ਓਜ਼ਡੇਮੀਰ ਆਪਣੇ ਖੋਜ ਪੱਤਰ ਵਿਚ ਲਿਖਦੇ ਹਨ ਕਿ:

> ਖਾਸ ਤੌਰ ’ਤੇ, ਸਮਕਾਲੀ ਸੰਸਾਰ ਵਿਚ ਧਰਮ ਦੇ ਉਭਾਰ ਨੂੰ ਸਮਝਣ ਲਈ ਆਰਥਿਕ ਵਿਸ਼ਵੀਕਰਨ ਕਾਰਨ ਪੈਦਾ ਹੋਈਆਂ ਅਨਿਸ਼ਚਿਤਤਾਵਾਂ ਅਤੇ ਉਜਾੜੇ (ਵਿਸਥਾਪਨ) ਦਾ ਅਧਿਐਨ ਕਰਨ ਦੀ ਲੋੜ ਹੈ।[2]

ਦੁਨੀਆਂ ਦੇ ਕਿਰਤੀਆਂ ਅਤੇ ਮੱਧ-ਸ਼੍ਰੇਣੀ ਨਾਲ ਸਬੰਧਿਤ ਲੋਕਾਂ ਦੀ ਬਹੁ-ਗਿਣਤੀ ਇਸ ਸਮੱਸਿਆ ਦਾ ਸ਼ਿਕਾਰ ਹੈ। ਇਹ ਉਮੀਦ ਸੀ ਕਿ ਅੰਤਰਰਾਸ਼ਟਰੀ ਆਰਥਿਕਤਾ ਨਾਲ ਵਧੇਰੇ ਏਕੀਕਰਨ ਵਧੇਰੇ ਵਿਕਾਸ ਲਿਆਏਗਾ ਅਤੇ ਇਸ ਲਈ ਵਿਸ਼ਵ ਵਿਚ ਵਧੇਰੇ ਆਧੁਨਿਕੀਕਰਣ ਦਾ ਪ੍ਰਸਾਰ ਹੋਵੇਗਾ ਜਿਸ ਕਾਰਨ ਧਰਮ ਦਾ ਪ੍ਰਭਾਵ ਘਟੇਗਾ। ਹਾਲਾਂਕਿ, ਵਿਸ਼ਵੀਕਰਨ ਦੇ ਯੁੱਗ ਵਿਚ ਧਰਮ ਦੇ ਉਭਾਰ ਦੁਆਰਾ ਇਸ ਉਮੀਦ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਇਸ ਸਭ ਦੇ ਵਾਪਰਨ ਪਿੱਛੇ ਕਿਹੜੇ ਕਾਰਨ ਹਨ। ਉਹਨਾਂ ਦੀ ਚਰਚਾ ਅਸੀਂ ਇਸ ਖੋਜ ਪੱਤਰ ਵਿਚ ਕਰਾਂਗੇ।

### ੳ) ਸਵੈ-ਹੋਂਦ ਦਾ ਮਸਲਾ:

ਵਿਸ਼ਵੀਕਰਨ ਨੇ ਲੋਕਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਜਾਣ, ਕੰਮ ਲੱਭਣ ਦੇ ਮੌਕੇ ਅਤੇ ਰੋਜ਼ਗਾਰ ਵੀ ਮੁਹੱਈਆ ਕਰਵਾਇਆ ਹੈ। ਬਹੁਤ ਸਾਰੇ ਭਾਰਤੀ ਵੀ ਰੋਜ਼ਗਾਰ ਦੇ ਸਿਲਸਿਲੇ ਵਿਚ ਭਾਰਤ ਤੋਂ ਬਾਹਰ ਹੋਰਨਾਂ ਦੇਸ਼ਾਂ ਵਿਚ ਜਾ ਕੇ ਵਸ ਗਏ। ਵੱਡੀ ਗਿਣਤੀ ਵਿਚ ਪੰਜਾਬੀਆਂ ਦਾ ਪਰਵਾਸ ਵੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ੁਰੂ ਹੋ ਗਿਆ ਸੀ। ਸੇਵਾ ਮੁਕਤ ਸਿਪਾਹੀਆਂ ਨੇ ਵਾਪਸ ਪੰਜਾਬ ਮੁੜਨ ਦੀ ਬਜਾਇ ਉਥੇ ਹੀ ਰੋਜ਼ਗਾਰ ਦੇ ਮੌਕੇ ਤਲਾਸ਼ੇ ਤੇ ਜਦੋਂ ਮੌਕਾ ਮਿਲਿਆ ਤਾਂ ਆਪਣੇ ਸਕੇ-ਸਬੰਧੀਆਂ ਨੂੰ ਵੀ ਉਥੇ ਬੁਲਾ ਲਿਆ। ਉਹ ਲੋਕ ਆਰਥਿਕ ਤੌਰ ’ਤੇ ਤਾਂ ਸੰਪੰਨ ਹੋ ਗਏ ਪਰ ਪਰਾਏ ਦੇਸ਼ਾਂ ਵਿਚ ਉਹਨਾਂ ਲਈ ਆਪਣੀ ਪਛਾਣ ਦਾ ਮਸਲਾ ਖੜ੍ਹਾ ਹੋ ਗਿਆ, ਜਿਸਦੇ ਫਲਸਰੂਪ ਉਹਨਾਂ ਨੂੰ ਆਪਣੀ ਅਲੱਗ ਸਭਿਆਚਾਰਕ ਅਤੇ ਧਾਰਮਿਕ ਪਛਾਣ ਕਾਇਮ ਰੱਖਣੀ ਆਪਣੀ ਹੋਂਦ ਦਾ ਸਵਾਲ ਜਾਪਣ ਲੱਗ ਜਾਂਦਾ ਹੈ। ਸਿੱਖ ਧਰਮ ਦੇ ਪੈਰੋਕਾਰਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਿੱਥੇ ਚਾਰ ਸਿੱਖ ਚਲੇ ਜਾਂਦੇ ਹਨ। ਉਹ ਸਭ ਤੋਂ ਪਹਿਲਾਂ ਜਾ ਕੇ ਗੁਰੂਦੁਆਰੇ ਦਾ ਨਿਰਮਾਣ ਕਰਦੇ ਹਨ ਕਿਉਂਕਿ ਗੁਰੂਦੁਆਰੇ ਦਾ ਵਜੂਦ ਉਹਨਾਂ ਦੀ ਆਪਣੀ ਹੋਂਦ ਦੀ ਪਛਾਣ ਦੇ ਸੰਘਰਸ਼ ਨੂੰ ਹੌਸਲਾ ਦਿੰਦਾ ਹੈ। ‘ਵਿਕਾਸਸ਼ੀਲ ਦੇਸ਼ਾਂ ਵਿਚ ਰਹਿਣ ਵਾਲੇ ਬਹੁਤ ਸਾਰੇ ਲੋਕ ਆਪਣੀਆਂ ਪਰੰਪਰਾਗਤ ਕਦਰਾਂ-ਕੀਮਤਾਂ ਦੀ ਜਾਇਜ਼ਤਾ ਨੂੰ ਮੁੜ ਦੁਹਰਾਉਂਦੇ ਹਨ, ਜਿਨਾਂ ਦਾ ਧਰਮ ਇਕ ਹਿੱਸਾ ਹੈ।’[3] ਪੰਜਾਬ ਤੋਂ ਬਾਹਰ ਰਹਿੰਦੇ ਸਿੱਖ ਧਰਮ ਦੇ ਪੈਰੋਕਾਰਾਂ ਨੇ ਭਾਵੇਂ ਰੂਪਾਤਮਕ ਪੱਧਰ ‘ਤੇ ਹੀ ਸਹੀ ਸਿੱਖੀ ਦਾ ਪੱਲਾ ਪੂਰਾ ਕਸ ਕੇ ਫੜ ਰੱਖਿਆ ਹੈ। ਇਸ ਦੀ ਇਕ ਉਦਾਹਰਣ ਹੈ ਕਿ ਪੰਜਾਬ ਵਿਚ ਸਹਿਜਧਾਰੀ ਸਿੱਖਾਂ ਦੇ ਗੁਰੂਦੁਆਰਿਆਂ ਵਿਚ ਆਨੰਦ ਕਾਰਜ ਪੜ੍ਹਾਉਣ ’ਤੇ ਕੋਈ ਪਾਬੰਦੀ ਨਹੀਂ ਹੈ, ਜਦਕਿ ਕਸ਼ਮੀਰ ਵਿਚ ਅਗਰ ਸਿੱਖ ਲੋਕ ਸਿਖੀ ਵਾਲੇ ਸਰੂਪ ਵਿਚ ਨਹੀਂ ਹਨ ਅਤੇ ਉਹਨਾਂ ਨੇ ਸਿੱਖੀ ਵਿਧੀ-ਵਿਧਾਨ ਅਨੁਸਾਰ ਖੰਡੇ-ਬਾਟੇ ਦਾ ਅੰਮ੍ਰਿਤ-ਪਾਨ ਨਹੀਂ ਕੀਤਾ ਹੋਇਆ ਤਾਂ ਉਹਨਾਂ ਦੀ ਆਨੰਦ ਕਾਰਜ ਦੀ ਰਸਮ ਨਹੀਂ ਕੀਤੀ ਜਾਂਦੀ। ਵਿਆਹ ਵੇਲੇ ਵਰ ਤੇ ਕੰਨਿਆ ਦਾ ਸਿੱਖੀ ਸਰੂਪ ਵਿਚ ਹੋਣਾ ਜ਼ਰੂਰੀ ਹੈ। ਪੰਜਾਬ ਵਿਚ ਜਿੱਥੇ ਬਹੁ-ਗਿਣਤੀ ਵਿਚ ਸਿੱਖ ਵਸਦੇ ਹਨ, ਉੱਥੇ ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਹੈ। ਇਸੇ ਤਰ੍ਹਾਂ ਉਹ ਆਪਣੀ ਕੰਮ ਦੀ ਥਾਂ ਤੇ ਅਤੇ ਆਪਣੀ ਮਾਤ-ਭੂਮੀ ਤੇ ਹੋਣ ਵਾਲੀਆਂ ਧਾਰਮਿਕ ਕਿਰਿਆਵਾਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਹਿੱਸਾ ਲੈਂਦੇ ਹਨ ਜਾਂ ਲੈਣ ਦੀ ਖ਼ਵਾਹਿਸ ਰੱਖਦੇ ਹਨ। ਗੁਰੂਦੁਆਰਿਆਂ ਦੀ ਉਸਾਰੀ ਲਈ ਭਰਵੇਂ ਰੂਪ ਵਿਚ ਦਾਨ ਦਿੰਦੇ ਹਨ। ਇਸ ਤਰ੍ਹਾਂ ਉਹ ਆਪਣੇ ਮਨ ਨੂੰ ਸ਼ਾਂਤੀ ਅਤੇ ਧਰਵਾਸ ਦੇਣ ਦੀ ਕੋਸ਼ਿਸ਼ ਕਰਦੇ ਹਨ। ਗੱਲ ਸਿਰਫ਼ ਇਥੇ ਖ਼ਤਮ ਨਹੀਂ ਹੁੰਦੀ। ਜਦੋਂ ਕਿਤੇ

ਇਹ ਆਪਣੀ ਮਾਤ-ਭੂਮੀ ਤੇ ਵਾਪਸ ਪਰਤਦੇ ਹਨ ਤਾਂ ਧਾਰਮਿਕ ਕਿਰਿਆਵਾਂ ਨੂੰ ਸੰਪਨਤਾ ਦੇ ਪ੍ਰਦਰਸ਼ਨ ਦੇ ਮਾਧਿਅਮ ਦੇ ਤੌਰ 'ਤੇ ਵਰਤਦੇ ਹਨ। ਡਾ. ਗੁਰਮੀਤ ਸਿੰਘ ਸਿੱਧੂ ਸਿੱਖਾਂ ਦੀ ਇਸ ਦਿਖਾਵਾ/ਪ੍ਰਦਰਸ਼ਨ ਬਿਰਤੀ ਬਾਰੇ ਲਿਖਦੇ ਹਨ ਕਿ:

> ਆਧੁਨਿਕ ਜੀਵਨ ਸ਼ੈਲੀ ਨੇ ਸਿੱਖ ਜੀਵਨ ਨੂੰ ਇਸ ਹੱਦ ਤੱਕ ਪ੍ਰਭਾਵਿਤ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਆਸਰਾ' ਲੈ ਕੇ ਗੁਰਮਤਿ ਤੋਂ ਉਲਟ ਵਿਖਾਵਾ ਕੀਤਾ ਜਾ ਰਿਹਾ ਹੈ...ਸਿੱਖਾਂ ਦੀ ਬਹੁਗਿਣਤੀ ਇਸ ਯੁੱਗ ਵਿਚ ਵਿਖਾਵੇ ਦਾ ਸ਼ਿਕਾਰ ਬਣਦੀ ਜਾ ਰਹੀ ਹੈ ਕਿਉਂਕਿ ਸਿੱਖ ਦੁਨਿਆਵੀ ਅਮੀਰੀ ਦੇ ਅਧੀਨ ਹੋ ਚੁੱਕੇ ਹਨ।[4]

ਇੱਜ਼ਤ, ਮਾਣ-ਸਤਿਕਾਰ ਸਿਰਫ਼ ਆਰਥਿਕਤਾ ਸੰਪੰਨਤਾ ਦਾ ਮੁਹਤਾਜ ਹੋ ਕੇ ਰਹਿ ਗਿਆ ਹੈ। ਇਹ ਅਮੀਰੀ ਪੂੰਜੀਵਾਦੀ ਚੜ੍ਹਤ ਦੀ ਦੇਣ ਹੈ।

### ਅ) ਘਰੇਲੂ ਆਰਥਿਕ ਹਾਲਾਤ:

ਸੰਸਾਰ ਵਿਚ ਸਰਮਾਏ ਦੀ ਚੜ੍ਹਤ ਦੀ ਸਰਬ-ਵਿਆਪਕਤਾ ਦਾ ਇਕ ਸਾਕਾਰਾਤਮਕ ਪੱਖ ਹੈ ਤੇ ਇਕ ਨਾਕਾਰਾਤਮਕ ਪੱਖ ਹੈ। ਆਰਥਿਕ ਵਿਸ਼ਵੀਕਰਨ ਦੇ ਨਾਲ ਸਥਾਨਿਕ ਲੇਬਰ ਕੰਪਨੀਆਂ ਵਿਚ ਅਸਥਿਰਤਾ ਆ ਰਹੀ ਹੈ। ਲੋਕ ਚੰਗੇ ਰੋਜ਼ਗਾਰ ਤੇ ਚੰਗੀਆਂ ਨੌਕਰੀਆਂ ਲਈ ਦੂਸਰੀਆਂ ਥਾਵਾਂ ਤੇ ਜਾਣ ਲੱਗੇ ਹਨ ਜਿਸ ਕਾਰਨ ਸਥਾਨਿਕ ਕੰਪਨੀਆਂ ਨੂੰ 'ਮਜ਼ਦੂਰ' (labour) ਨਹੀਂ ਮਿਲ ਰਿਹਾ।

> ਵਿਸ਼ਵੀਕਰਨ ਦੇ ਆਲੋਚਕ ਰਾਸ਼ਟਰੀ ਨੀਤੀਆਂ ਅਤੇ ਸਥਾਨਕ ਸਭਿਆਚਾਰਾਂ ਨੂੰ ਕਮਜ਼ੋਰ ਕਰਨ ਲਈ ਵਿਸ਼ਵੀਕਰਨ ਦਾ ਲਾਭ ਦੱਸੇ ਜਾਂਦੇ 'ਵਪਾਰਕ ਰੁਕਾਵਟਾਂ ਦੇ ਖਾਤਮੇ ਅਤੇ ਲੋਕਾਂ ਦੀ ਸੁਤੰਤਰ ਆਵਾਜਾਈ' ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਖਾਸ ਤੌਰ 'ਤੇ ਲੇਬਰ ਬਜ਼ਾਰ ਪ੍ਰਭਾਵਿਤ ਹੁੰਦੇ ਹਨ ਜਦੋਂ ਲੋਕ ਵੱਧ ਤਨਖ਼ਾਹ ਵਾਲੀਆਂ ਨੌਕਰੀਆਂ ਦੀ ਭਾਲ ਵਿਚ ਸਰਹੱਦਾਂ ਪਾਰ ਕਰਦੇ ਹਨ ਜਾਂ ਕੰਪਨੀਆਂ ਘੱਟ ਲਾਗਤ ਵਾਲੇ ਕਿਰਤ ਬਾਜ਼ਾਰਾਂ ਲਈ ਕੰਮ ਅਤੇ ਨੌਕਰੀਆਂ ਲੈਣ ਦਾ ਸਰੋਤ ਪ੍ਰਦਾਨ ਕਰਦੀਆਂ ਹਨ।[5]

ਇਸ ਦੇ ਨਤੀਜੇ ਵਜੋਂ ਹੋਣ ਵਾਲੀ ਅੰਤਰਾਸ਼ਟਰੀ ਤੇ ਰਾਸ਼ਟਰੀ ਆਵਾਜਾਈ ਕਰਕੇ ਪਿੰਡ ਪੱਧਰ 'ਤੇ ਜੋ ਕਾਰੀਗਰਾਂ ਦੀ ਇਕ ਲੜੀ ਬਣੀ ਹੋਈ ਸੀ ਉਹ ਟੁੱਟ ਗਈ ਕਿਉਂਕਿ ਮੰਡੀ ਦੇ ਪ੍ਰਭਾਵ ਕਰਕੇ ਉਹ ਮੰਦਹਾਲੀ ਦੀ ਹਾਲਾਤ ਵਿਚ ਚਲੇ ਗਏ। ਇਸ ਤੋਂ ਇਲਾਵਾ ਜੋ ਸ਼ਹਿਰ ਪੱਧਰ ਤੇ ਲਘੂ ਕਾਰੋਬਾਰ ਸੀ ਉਹਨਾਂ ਦਾ ਬੜਾ ਨੁਕਸਾਨ ਹੋਇਆ। ਲੁਧਿਆਣਾ ਸਥਿਤ ਰੀਅਲ ਅਸਟੇਟ ਕੰਪਨੀ ਭੂਮੀ ਸਲਿਊਸ਼ਨਜ਼ (Real estate Bhumi Solutions) ਦੇ ਪ੍ਰੋਪਰਾਈਟਰ ਅਮਰਜੀਤ ਸਿੰਘ ਨੇ ਕਿਹਾ ਕਿ:

> ਹਾਲ ਹੀ ਦੇ ਸਾਲਾਂ ਵਿਚ, ਸੂਬੇ ਵਿਚ ਕਾਰੋਬਾਰੀ ਲੋਕਾਂ 'ਤੇ ਅਨੁਮਾਨਤ ਪ੍ਰਭਾਵਾਂ ਦੇ ਨਾਲ ਉਦਯੋਗ ਵਿਚ ਕਮੀ ਆਈ ਹੈ, ਇੱਥੇ ਸਿਰਫ 40% ਕੰਪਨੀਆਂ ਹੀ ਬਚੀਆਂ ਹਨ ਅਤੇ ਹੋਰ 30% ਨੇ ਆਪਣੇ ਅਹਾਤੇ ਨੂੰ ਦੂਜੇ ਕਾਰੋਬਾਰਾਂ ਲਈ ਸਬਲੈਟ ਕੀਤਾ ਹੈ ਅਤੇ ਲਗਭਗ 30% ਬੰਦ ਹੋ ਗਏ ਹਨ।[6]

ਇਸ ਨਾਲ ਘਰੇਲੂ ਕਾਰੋਬਾਰ ਤੇ ਉਦਯੋਗ ਤਬਾਹ ਹੋ ਰਹੇ ਹਨ। ਸਥਾਨਕ ਕਾਰੋਬਾਰ ਠੱਪ ਹੋ ਰਹੇ ਹਨ। ਜਿਸ ਕਾਰਨ ਲੋਕਾਂ ਵਿਚ ਅਸਥਿਰਤਾ ਦੀ ਭਾਵਨਾ ਵੱਧ ਰਹੀ ਹੈ ਅਤੇ ਇਸ ਸਥਿਤੀ ਵਿਚ ਪਹਿਲਾਂ ਆਰਥਿਕ, ਫੇਰ ਸਭਿਆਚਾਰਕ ਅਤੇ ਅੰਤ ਮਾਨਸਿਕ ਨਿਘਾਰ ਦੀ ਹਾਲਤ ਵਿਚ ਉਹਨਾਂ ਨੂੰ ਧਰਮ ਦੀ ਸ਼ਰਣ ਵਿਚ ਜਾਣਾ ਹੀ ਇਕੋ-ਇਕ ਰਾਹ ਨਜ਼ਰ ਆਉਂਦਾ ਹੈ। ਲੋਕ ਆਪਣੇ ਕਾਰੋਬਾਰਾਂ ਨੂੰ ਚਲਾਉਣ ਲਈ ਮੰਦਰਾਂ, ਗੁਰੂਦੁਆਰਿਆਂ, ਦਰਗਾਹਾਂ ਵੱਲ ਰੁਖ ਕਰਦੇ ਹਨ।

### ੲ) ਖੇਤੀ ਦਾ ਡਿੱਗਦਾ ਪੱਧਰ:

ਭਾਰਤ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਅਤੇ ਖੇਤੀ ਪੈਦਾਵਾਰ ਵਧਾਉਣ ਲਈ ਪੰਜਾਬ ਵਿਚ ਹਰੀ ਕ੍ਰਾਂਤੀ ਦੀ ਲਹਿਰ ਸ਼ੁਰੂ ਹੋਈ। 20ਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਇਸਦਾ ਮੁੱਢ ਬੰਨ੍ਹਿਆ ਗਿਆ। ਪੰਜਾਬ ਦੇ ਕਿਸਾਨਾਂ ਨੂੰ ਆਲੀਸ਼ਾਨ ਜ਼ਿੰਦਗੀ ਦੇ ਸੁਪਨੇ ਦਿਖਾਏ ਗਏ ਜੋ ਇਸ ਕ੍ਰਾਂਤੀ ਦੇ ਫਲਸਰੂਪ ਹੋਣ ਵਾਲੇ ਲਾਭ ਤੋਂ ਮਿਲਣੀ ਸੀ। ਕੁਝ ਸਮੇਂ ਤਕ ਪੰਜਾਬ ਦੇ ਕਿਸਾਨਾਂ ਨੇ ਇਸ ਖੁਸ਼ਹਾਲੀ ਦਾ ਆਨੰਦ ਵੀ ਮਾਣਿਆ ਪਰ

ਇਹ ਬਹੁਤੀ ਦੇਰ ਤੱਕ ਚੱਲ ਨਹੀਂ ਸਕਿਆ। ਡਾ. ਗੁਰਮੀਤ ਸਿੰਘ ਸਿੱਧੂ ਅਨੁਸਾਰ:

> ਭਾਰਤੀ ਆਰਥਿਕਤਾ ਨੂੰ ਮਜ਼ਬੂਤ ਕਰਨ, ਖ਼ਾਸ ਕਰਕੇ ਖੇਤੀ ਪੈਦਾਵਾਰ ਵਿਚ ਵਾਧਾ ਕਰਨ ਲਈ ਪੰਜਾਬ ਦੇ ਕਿਸਾਨ ਨੂੰ ਇਹ ਲੁਭਾਉਣਾ ਨਾਅਰਾ ਦਿੱਤਾ ਗਿਆ ਸੀ: ਦੱਬ ਕੇ ਵਾਹ, ਰੱਜ ਕੇ ਖਾਹ। ਪੰਜਾਬ ਦੇ ਕਿਸਾਨ ਨੇ ਇਸ ਨਾਅਰੇ ਮੁਤਾਬਿਕ ਆਧੁਨਿਕ ਖੇਤੀ ਦੇ ਢੰਗਾਂ ਨੂੰ ਲਾਗੂ ਕਰ ਕੇ ਖੇਤੀ ਪੈਦਾਵਾਰ ਵਿਚ ਰਿਕਾਰਡ-ਤੋੜ ਵਾਧਾ ਕੀਤਾ ਹੈ। ਪੈਦਾਵਾਰ ਵਿਚ ਹੋਏ ਵਾਧੇ ਤੋਂ ਵਧੇਰੇ ਮੁਨਾਫ਼ਾ ਉਦਯੋਗਿਕ ਅਤੇ ਵਾਪਾਰਿਕ ਵਰਗ ਨੇ ਕਮਾਇਆ ਹੈ। ਕਿਸਾਨ 'ਖੁਸ਼ਹਾਲੀ' ਦਾ ਇਕ ਦੌਰ ਹੰਢਾਉਣ ਤੋਂ ਪਿੱਛੋਂ ਕੰਗਾਲ ਹੋਣ ਲੱਗ ਪਏ। ਆਧੁਨਿਕ ਖੇਤੀ ਨੂੰ ਅਪਣਾਉਣ ਨਾਲ ਪੰਜਾਬ ਦੇ ਕਿਸਾਨ ਦੇ ਜੀਵਨ ਵਿਚ ਆਈ ਕੰਗਾਲੀ ਨੂੰ ਅੱਜ ਅਸੀਂ ਕਈ ਰੂਪਾਂ ਵਿਚ ਵੇਖ ਸਕਦੇ ਹਾਂ। ਇਸ ਤੋਂ ਇਲਾਵਾ ਪੰਜਾਬ ਦੇ ਵਾਤਾਵਰਣ ਅਤੇ ਸਭਿਆਚਾਰਕ ਜੀਵਨ ਵਿਚ ਵੀ ਇਸ ਨੇ ਵੱਡੇ ਵਿਗਾੜ ਪੈਦਾ ਕੀਤੇ ਹਨ।[7]

ਇਸ ਧਾਰਣਾ ਦੀ ਰੌਸ਼ਨੀ ਵਿਚ ਸਮਝਿਆ ਜਾ ਸਕਦਾ ਹੈ ਕਿ ਕਿਉਂ ਪੰਜਾਬ ਦੀ ਧਰਤੀ ਲਗਾਤਾਰ ਬੰਜਰ ਹੋਣ ਵੱਲ ਵੱਧ ਰਹੀ ਹੈ। ਜ਼ਿਆਦਾ ਫ਼ਸਲ ਲੈਣ ਦੀ ਚਾਹਤ ਕਰਕੇ ਰਸਾਇਣਕ ਖਾਦਾਂ ਦੀ ਬੇਹਿਸਾਬੀ ਵਰਤੋਂ ਹੋ ਰਹੀ ਹੈ। ਇਹਨਾਂ ਦਾ ਅਸਰ ਪੰਜਾਬੀ ਬੰਦੇ ਖਾਸ ਕਰ ਕਿਸਾਨੀ ਪਰਿਵਾਰਾਂ ਤੇ ਬਹੁਤ ਹੋ ਰਿਹਾ ਹੈ। ਖੇਤੀ ਲਾਭਕਾਰੀ ਧੰਦਾ ਨਹੀਂ ਰਹੀ, ਵੰਨ-ਸੁਵੰਨਤਾ ਵਾਲੀ ਖੇਤੀ ਤੇ ਆਧਾਰਿਤ ਸਥਾਨਕ ਉਦਯੋਗ ਤਬਾਹ ਹੋ ਗਏ, ਪਿੰਡ ਦੇ ਸ਼ਿਲਪੀ ਕਾਰੀਗਰ ਮੰਦਹਾਲੀ ਦੀ ਹਾਲਤ ਵਿਚ ਜੀਵਨ ਨਿਰਬਾਹ ਕਰ ਰਹੇ ਹਨ। ਡਾ. ਅਮਰਜੀਤ ਸਿੰਘ ਗਰੇਵਾਲ ਦਾ 'ਅੱਖਰ' ਅਦਾਰੇ ਨੂੰ ਦਿੱਤੀ ਇਕ ਇੰਟਰਵਿਊ ਵਿਚ ਖੇਤੀ ਅਤੇ ਪਿੰਡ ਦੇ ਰਿਸ਼ਤੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਹਿੰਦੇ ਹਨ:

> ਹਰੇ ਇਨਕਲਾਬ ਤੋਂ ਪਹਿਲਾਂ ਜੋ ਕੁਝ ਵੀ ਖੇਤ ਵਿਚ (ਖੇਤੀ ਦੇ ਸੰਦ, ਲੇਬਰ, ਰੂੜੀ, ਊਰਜਾ ਆਦਿ) ਜਾਂਦਾ ਸੀ ਉਹ ਪਿੰਡ ਤੋਂ ਹੀ ਜਾਂਦਾ ਸੀ ਤੇ ਜੋ ਕੁਝ ਖੇਤ ਤੋਂ ਆਉਂਦਾ ਸੀ ਪਿੰਡ ਉਸਦੀ ਪਰੋਸੈਸਿੰਗ (ਕਪਾਹ ਨੂੰ ਚੁੱਗਣਾ, ਵੜੇਵੇ ਕੱਢਣੇ, ਸੂਤ ਕੱਤਣਾ, ਕੱਪੜਾ ਬੁਣਨਾ) ਕਰਦਾ ਸੀ। ਖੇਤੀ ਸਿਰਫ਼ ਕਿਸਾਨ ਦਾ ਕੰਮ ਨਹੀਂ ਸੀ। ਖੇਤੀ ਸਮੁੱਚੇ ਪਿੰਡ ਦਾ ਕੰਮ ਸੀ। ਹਰ ਜਾਤ ਬਰਾਦਰੀ ਖੇਤੀ ਨਾਲ ਜੁੜੀ ਹੋਈ ਸੀ। ਖੇਤੀ ਨਾਲ ਜੁੜੇ ਹੋਣ ਕਰਕੇ ਪਿੰਡ ਵਿਚ ਸੌ ਪ੍ਰਤੀਸ਼ਤ ਰੋਜ਼ਗਾਰ ਸੀ। ਹਰੇ ਇਨਕਲਾਬ ਨੇ ਪਿੰਡ ਦੇ ਕਰਨ ਵਾਲਾ ਕੰਮ ਮੰਡੀ ਦੇ ਹਵਾਲੇ ਕਰ ਦਿੱਤਾ। ਪਿੰਡ ਤੇ ਖੇਤ ਦੇ ਰਿਸ਼ਤੇ ਨੂੰ ਸ਼ਹਿਰ ਅਤੇ ਖੇਤ ਜਾਂ ਮੰਡੀ ਅਤੇ ਖੇਤ ਦੇ ਰਿਸ਼ਤੇ ਵਿਚ ਬਦਲ ਦਿੱਤਾ। ਪਿੰਡ ਨੂੰ ਸਮੁੱਚੇ ਤੌਰ ਤੇ ਵੱਖਰਾ ਕਰ ਦਿੱਤੇ ਜਾਣ ਨਾਲ ਉਹ ਸੌ ਪ੍ਰਤੀਸ਼ਤ ਬੇਰੁਜ਼ਗਾਰ ਹੋ ਗਿਆ।[8]

ਕਿਸਾਨੀ ਪਰਿਵਾਰਾਂ ਵਿਚੋਂ ਬਹੁਤਿਆਂ ਨੇ ਵਿਦੇਸ਼ ਵੱਲ ਰੁਖ ਕਰ ਲਿਆ ਹੈ। ਛੋਟੇ ਕਿਸਾਨਾਂ ਦਾ ਖੇਤੀ ਉਤੇ ਨਿਰਬਾਹ ਕਰਨਾ ਮੁਸ਼ਕਿਲ ਹੋ ਗਿਆ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਮਨ ਧਾਰਮਿਕ ਵਲਗਣਾ ਵਿਚ ਜਾ ਕੇ ਹੀ ਆਰਾਮ ਮਹਿਸੂਸ ਕਰਨਾ ਲੋਚਦਾ ਹੈ।

## ਸ) ਧਰਮ ਦਾ ਬਾਜ਼ਾਰੀਕਰਨ:

ਅੱਜ ਦੇ ਦੌਰ ਵਿਚ ਸਰਮਾਏ ਦੇ ਵਿਕਾਸ ਨਾਲ ਸਾਵਾਂ ਸਬੰਧ ਰੱਖਣ ਵਾਲੇ ਮਨੁੱਖ ਦੇ ਸਾਧਨ ਸੰਪੰਨ ਹੋ ਜਾਣ ਨਾਲ ਪਦਾਰਥਕ ਲੋੜ ਅਤੇ ਸੁਖ-ਸਾਧਨਾਂ ਦੀ ਚਾਹਤ ਤਾਂ ਪੂਰੀ ਹੋ ਰਹੀ ਹੈ, ਪਰ ਮਨ ਦਾ ਧਰਵਾਸ ਅਤੇ ਸ਼ਾਂਤੀ ਕਿਧਰੇ ਗਾਇਬ ਹੋ ਰਹੀ ਹੈ। ਮੰਡੀ ਦੀ ਚਕਾਚੌਂਧ ਤੋਂ ਨਿਕਲ ਕੇ ਅੰਤ ਨੂੰ ਬੰਦਾ ਇਕੱਲਾ ਹੀ ਮਹਿਸੂਸ ਕਰਦਾ ਹੈ। ਇਕੱਲਤਾ ਬੇਬਸੀ ਮਨੁੱਖ ਨੂੰ ਡਰਾਉਂਦੀ ਹੈ। ਜਿਸਦਾ ਹੱਲ ਉਹ ਧਰਮ ਦੀ ਸ਼ਰਣ 'ਚ ਜਾ ਕੇ ਲੱਭਦਾ ਹੈ। "ਪਦਾਰਥਕ ਉੱਨਤੀ ਨੇ ਸੁੱਖ ਪ੍ਰਦਾਨ ਕੀਤੇ ਹਨ, ਪਰੰਤੂ ਸ਼ਾਂਤੀ ਗਾਇਬ ਹੋ ਰਹੀ ਹੈ। ਆਧੁਨਿਕਤਾ ਦੀ ਇਕ ਪ੍ਰਾਪਤੀ ਇਹ ਹੈ ਕਿ ਹੁਣ ਮਨੁੱਖ ਦਾ ਸਰੀਰ ਸੁਖੀ ਹੋ ਗਿਆ ਹੈ ਅਤੇ ਮਨੁੱਖ ਇਸ ਨੂੰ ਹੋਰ ਖੁਸ਼ਹਾਲ ਬਣਾਉਣ ਬਾਰੇ ਚਿੰਤਤ ਹੋ ਰਿਹਾ ਹੈ ਪਰ ਇਹ ਖੁਸ਼ਹਾਲੀ ਆਰਥਿਕ ਲੋੜਾਂ ਅਤੇ ਸਹੂਲਤਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਜਿਸ ਕਰਕੇ ਮਨੁੱਖ ਦੀਆਂ ਸਮਾਜਿਕ ਅਤੇ ਮਨਾਸਿਕ ਚਿੰਤਾਵਾਂ ਵਿਚ ਵਾਧਾ ਹੋ ਰਿਹਾ ਹੈ।"[9] ਆਰਥਿਕ ਲੋੜਾਂ ਅਤੇ ਸਹੂਲਤਾਂ ਮਨੁੱਖ ਨੂੰ ਬਾਹਰੋਂ ਸੰਪੂਰਨਤਾ ਦਾ ਅਹਿਸਾਸ ਕਰਵਾਉਂਦੀਆਂ ਹਨ। ਜਿਸ ਕਾਰਨ ਮਨੁੱਖ ਅੰਤ ਵਿਚ ਫਿਰ ਧਰਮ ਦੀ ਓਟ ਹੀ ਤੱਕਦਾ ਹੈ। ਪੰਜਾਬ ਦੇ ਸੰਦਰਭ ਵਿਚ ਦੇਖੀਏ ਤਾਂ ਸਾਧਨ

ਸੰਪੰਨ ਉੱਚ ਜਮਾਤ ਵੀ ਆਪਣੇ ਗੋਡੇ ਧਰਮ ਅੱਗੇ ਹੀ ਟੇਕਦੀ ਹੈ ਅਤੇ ਜਿੱਥੇ ਲੋੜ ਪਵੇ ਧਰਮ ਨੂੰ ਨਿੱਜੀ ਤੇ ਰਾਜਨੀਤਕ ਹਿੱਤਾਂ ਲਈ ਵਰਤਦੀ ਵੀ ਪਰੰਤੂ ਇਹਨਾਂ ਦੀ ਧਾਰਮਿਕਤਾ ਅਤੇ ਆਮ ਕਿਰਤੀ-ਕਿਸਾਨ ਲੋਕਾਂ ਦੀ ਧਾਰਮਿਕਤਾ ਵਿਚਕਾਰ ਵੱਡਾ ਫ਼ਰਕ ਹੈ। ਇਹਨਾਂ ਦੀ ਸ਼ਾਂਤੀ ਦਾ ਰੂਪ ਵੱਡੇ-ਵੱਡੇ ਯੋਗ ਦੇ ਅਦਾਰੇ, ਧਿਆਨ ਦੇ ਕੇਂਦਰ ਅਤੇ ਵੱਡੇ ਧਾਰਮਿਕ ਆਗੂ ਹਨ। ਸਿੱਖ ਧਰਮ ਦਾ ਅਧਿਐਨ ਕਰਨ ਵਾਲੇ ਡਾ ਗੁਰਮੀਤ ਸਿੰਘ ਸਿੱਧੂ ਲਿਖਦੇ ਹਨ ਕਿ:

> ਅੱਜ ਦੇ ਸੰਸਾਰ ਵਿਚ ਮਨੁੱਖ ਆਪਣੇ 'ਸਵੈ' ਨਾਲ ਜੁੜੇ ਮਸਲਿਆਂ, ਖ਼ਾਸ ਕਰਕੇ ਆਪਣੇ 'ਚੰਗੇ ਜੀਵਨ' ਅਤੇ 'ਚੰਗੇ ਅਹਿਸਾਸ' ਪ੍ਰਤੀ ਵਧੇਰੇ ਸੁਚੇਤ ਅਤੇ ਚਿੰਤਤ ਹੋ ਰਿਹਾ ਹੈ। ਇਹ ਚਿੰਤਾ ਕਈ ਪੱਧਰਾਂ 'ਤੇ ਵੇਖੀ ਜਾ ਸਕਦੀ ਹੈ। ਆਰਥਿਕ ਪੱਖ ਤੋਂ ਵੇਖਿਆ ਜਾਵੇ ਤਾਂ ਇਕ ਪਾਸੇ ਉਹ ਲੋਕ ਹਨ ਜੋ ਆਪਣੀ ਦੇਹ ਦੀ ਸਜਾਵਟ ਅਤੇ ਦਿਖਾਵਟ, ਮਨ ਦੀ ਸ਼ਾਂਤੀ ਅਤੇ 'ਜ਼ਿੰਦਗੀ ਦੀ ਕਲਾ' (art of living) ਪ੍ਰਤੀ ਚਿੰਤਤ ਹੋ ਰਹੇ ਹਨ। ਇਸ ਲਈ ਉਹ ਵੱਡੇ ਖ਼ਰਚੇ ਕਰ ਕੇ ਆਪਣੀ ਚਿੰਤਾ ਤੋਂ ਮੁਕਤੀ ਦੀ ਇੱਛਾ ਰੱਖਦੇ ਹਨ। ਇਨ੍ਹਾਂ ਦੀ ਇੱਛਾ ਪੂਰਤੀ ਲਈ ਹੁਣ ਵਿਸ਼ਵ-ਮੰਡੀ ਵਿਚ 'ਅਧਿਆਤਮਿਕਤਾ' ਦਾ ਬਹੁਤ ਵੱਡਾ ਬਜ਼ਾਰ ਉਸਰ ਰਿਹਾ ਹੈ। ਇਸ ਬਜ਼ਾਰ ਵਿਚ ਸਮਾਧੀ (meditation), ਲਿਵ (contemplation) ਅਤੇ ਜੋਗ ਆਦਿ ਰਵਾਇਤੀ ਧਾਰਮਿਕ ਸਰਗਰਮੀਆਂ ਸੰਸਾਰ ਪੱਧਰ 'ਤੇ ਨਵੇਂ ਰੂਪ ਵਿਚ ਇਸ ਅਮੀਰ ਵਰਗ ਦੇ ਲੋਕਾਂ ਲਈ ਮੁੱਖ ਆਕਰਸ਼ਣ ਹਨ ਅਤੇ ਉਨ੍ਹਾਂ ਦੀਆਂ 'ਇੱਛਾਵਾਂ' ਪੂਰੀਆਂ ਕਰਨ ਦਾ ਸਾਧਨ ਬਣ ਰਹੀਆਂ ਹਨ।[10]

ਉੱਚ ਵਰਗ ਦੇ ਲੋਕ ਇਸ ਤਰ੍ਹਾਂ ਦੀਆਂ ਧਾਰਮਿਕ ਕਿਰਿਆਵਾਂ ਕਰਕੇ ਮਨ ਦੀ ਸ਼ਾਂਤੀ ਤਲਾਸ਼ਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹਨਾਂ ਕੇਂਦਰਾਂ ਦੇ ਮਾਲਕਾਂ ਲਈ ਇਹ ਕੋਈ ਘਾਟੇ ਦਾ ਸੌਦਾ ਨਹੀਂ ਹੈ। ਇਹ ਧਰਮ ਦੇ ਵਿਉਪਾਰੀ ਨਵੇਂ-ਨਵੇਂ ਢੰਗ ਤਰੀਕਿਆਂ ਨਾਲ ਅਮੀਰਾਂ ਨੂੰ ਵਰਚਾਈ ਰੱਖਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ।

ਇਸੇ ਤਰ੍ਹਾਂ ਇਨ੍ਹਾਂ ਵਰਗਾਂ ਦੀ ਪਿਛਲੱਗ ਵਜੋਂ ਵਿਚਰਦੀ ਆਮ ਲੋਕਾਈ ਵੀ ਕਈ ਵਾਰ ਇਸੇ ਮਾਨਸਿਕਤਾ ਦਾ ਸ਼ਿਕਾਰ ਹੋ ਰਹੀ ਹੈ। "ਇਕ ਪਾਸੜ ਪਦਾਰਥਕ ਉੱਨਤੀ ਨਾਲ ਪੈਦਾ ਹੋ ਰਹੀਆਂ ਬਿਮਾਰੀਆਂ ਦਾ ਇਲਾਜ ਲੱਭਣ ਲਈ ਮੁੜ ਧਰਮ ਦੀ ਵਰਤੋਂ ਸ਼ੁਰੂ ਹੋ ਗਈ ਹੈ। ਚਿੰਤਾ ਅਤੇ ਬੀਮਾਰੀਆਂ ਦੇ ਇਲਾਜ ਲਈ ਅਧਿਆਤਮਿਕ ਕਿਰਿਆਵਾਂ ਦਾ ਮੁੱਲ ਵੱਟਿਆ ਜਾ ਰਿਹਾ ਹੈ।"[11] ਜਿਹੜੇ ਲੋਕਾਂ ਕੋਲ ਮਹਿੰਗੇ ਇਲਾਜ ਅਤੇ ਕਮਰਸ਼ੀਅਲ ਬਾਬਿਆਂ ਕੋਲ ਜਾਣ ਦੀ ਪੁੱਜਤ ਨਹੀਂ ਹੈ ਉਹਨਾਂ ਦਾ ਝੁਕਾਅ ਦਰਗਾਹਾਂ, ਮੰਦਿਰਾਂ ਅਤੇ ਪੀਰਾਂ ਵੱਲ ਹੋ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਬੇਆਬਾਦ ਪਏ ਧਾਰਮਿਕ ਅਸਥਾਨਾਂ 'ਤੇ ਵੀ ਰੌਣਕ ਪਰਤ ਆਈ ਹੈ। ਲੋਕ ਦਾ ਹਜ਼ੂਮ ਠਾਠਾਂ ਮਾਰਦਾ ਨਜ਼ਰੀ ਪੈਂਦਾ ਹੈ। ਪਿਛਲੇ ਕਰੋਨਾ ਕਾਲ ਦੇ ਸਮੇਂ ਵਿਚ 'ਕਰੋਨਾ' ਵਾਇਰਸ ਤੋਂ ਬਚਣ ਲਈ ਪੂਜਾ ਸ਼ੁਰੂ ਹੋ ਗਈ। ਕਈ ਥਾਵਾਂ 'ਤੇ ਕਰੋਨਾ ਦੇਵੀ ਨਾਮ 'ਤੇ ਮੰਦਿਰਾਂ ਦੀ ਉਸਾਰੀ ਵੀ ਕੀਤੀ ਗਈ। "ਕਾਮਚੀਪੁਰੀ ਅਧੀਨਮ ਨੇ ਇਰੁਗੁਰ ਦੇ ਨੇੜੇ ਇਕ ਮੰਦਰ ਬਣਾਇਆ ਹੈ ਅਤੇ ਇਕ ਮੂਰਤੀ ਨੂੰ ਸਥਾਪਿਤ ਕੀਤਾ ਹੈ, ਜਿਸਦਾ ਨਾਮ ਦੇਵੀ ਕੋਰੋਨਾ ਦੇਵੀ ਰੱਖਿਆ ਗਿਆ ਹੈ। ਇਹ 'ਪਲੇਗ ਮਾਰਿਅਮਨ ਮੰਦਿਰ' ਦੀ ਇਵਜ਼ ਅਨੁਸਾਰ ਹੀ ਬਣਾਇਆ ਗਿਆ ਹੈ। ਲਗਭਗ 150 ਸਾਲ ਪਹਿਲਾਂ ਜਦੋਂ ਪਲੇਗ ਨੇ ਤਬਾਹੀ ਮਚਾ ਦਿੱਤੀ ਸੀ ਤਾਂ ਇਹ ਮੰਦਿਰ ਪਲੇਗ ਦੀ ਬਿਮਾਰੀ ਤੋਂ ਰੱਖਿਆ ਕਰਨ ਵਾਲੇ ਦੇਵਤੇ ਅੱਮਾਨ ਨੂੰ ਸਮਰਪਿਤ ਕੀਤਾ ਗਿਆ ਸੀ।[12]

ਭਾਰਤ ਵਿਚ ਕਰੋਨਾ ਦੇਵੀ ਦਾ ਇਕ ਮੰਦਿਰ ਤਮਿਲਨਾਡੂ ਅਤੇ ਇਕ ਕੇਰਲਾ ਵਿਚ ਸਥਾਪਿਤ ਹੈ। ਕਰੋਨਾ ਵਾਇਰਸ ਨੂੰ ਇਕ ਲਾਇਲਾਜ ਬਿਮਾਰੀ ਮੰਨਿਆ ਗਿਆ ਜਿਸਦੇ ਚੱਲਦੇ ਲੋਕਾਂ ਨੇ ਆਪਣੇ ਬਚਾਅ ਲਈ ਧਰਮ ਦਾ ਆਸਰਾ ਲਿਆ।

ਆਰਥਿਕ ਅਸਥਿਰਤਾ ਦੇ ਚੱਲਦਿਆਂ ਆਮ ਲੋਕ ਨਵੀਆਂ ਪੈਦਾ ਹੋਈਆਂ ਅਨਿਸ਼ਚਿਤਤਾਵਾਂ ਨਾਲ ਸਿੱਝਣ ਦੀ ਕੋਸ਼ਿਸ਼ ਕਰ ਰਹੇ ਹਨ। ਚੰਗੇ ਅਤੇ ਬਿਹਤਰ ਭਵਿੱਖ ਦੀਆਂ ਕਾਮਨਾਵਾਂ ਜਦੋਂ ਧੁੰਦਲੀਆਂ ਨਜ਼ਰ ਆਉਣ ਲੱਗ ਜਾਣ ਤਾਂ ਜ਼ਿੰਦਗੀ ਵਿਚ ਉਦਾਸੀਨਤਾ ਪਸਰ ਜਾਂਦੀ ਹੈ। ਡਾ. ਗੁਰਭਗਤ ਸਿੰਘ ਦੇ ਅਨੁਸਾਰ:

> ਪੂੰਜੀ ਨੂੰ ਵਧਾਉਣ ਦੀ ਇੱਛਾ ਵਾਲਾ ਸਮਾਜ ਭਾਵੇਂ ਉਹ ਪੂੰਜੀਵਾਦੀ ਹੋਵੇ ਜਾਂ ਸਮਾਜਵਾਦੀ, ਜੀਵਨ ਨੂੰ ਪ੍ਰੇਮਾਤਮਕ ਊਰਜਾ ਨਾਲੋਂ ਤੋੜ ਦਿੰਦਾ ਹੈ। ਇਸ ਸ੍ਰੋਤ ਨਾਲੋਂ ਟੁੱਟਿਆ ਮਨੁੱਖ ਉਦਾਸੀਨ ਅਤੇ ਵਿਭਾਜਿਤ ਹੋ ਜਾਂਦਾ ਹੈ।[13]

ਅਸੀਂ ਦੇਖ ਸਕਦੇ ਹਾਂ ਕਿ ਅੱਜ ਦੀ ਨੌਜਵਾਨੀ ਬਹੁਤ ਬੁਰੀ ਤਰ੍ਹਾਂ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੀ ਹੈ। ਕਾਬਿਲ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਰੋਜ਼ਗਾਰ ਤਲਾਸ਼ਣ ਲਈ ਪੱਬਾਂ ਭਾਰ ਹੋਣਾ ਪੈ ਰਿਹਾ ਹੈ। ਪੜ੍ਹੇ-ਲਿਖੇ ਨੋਜਵਾਨਾਂ ਨੂੰ ਮਜ਼ਦੂਰੀ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸੇ ਅਨੁਪਾਤ ਵਿਚ ਅੱਜਕੱਲ ਆਮ ਧਾਰਮਿਕ ਅਸਥਾਨਾਂ ’ਤੇ ਨੌਜਵਾਨ ਵੱਡੀ ਗਿਣਤੀ ਵਿਚ ਨਜ਼ਰੀ ਆਉਂਦੇ ਹਨ। ਵੱਧ ਰਹੀ ਬੇਰੁਜ਼ਗਾਰੀ, ਮਾਨਸਿਕ ਹਾਲਤ, ਜ਼ਿੰਮੇਵਾਰੀਆਂ ਦਾ ਬੋਝ ਵੀ ਨੌਜਵਾਨੀ ਨੂੰ ਧਰਮ ਦੇ ਰਸਤੇ ਵੱਲ ਧਕੇਲ ਰਿਹਾ ਹੈ। ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟੀਰੀਅਲ ਡੀਵੈਲਪਮੈਂਟ ਦੇ ਡਾਇਰੈਕਟਰ ਸੁੱਚਾ ਸਿੰਘ ਗਿੱਲ ਦੇ ਅਨੁਸਾਰ:

> ਪੰਜਾਬ ਵਿਚ ਜਿਹੜੇ ਲੋਕ 10,000 ਪ੍ਰਤੀ ਮਹੀਨਾ ਕਮਾਈ ਕਰਦੇ ਹਨ ਅਤੇ ਜਿਨਾਂ ਕੋਲ ਰਹਿਣ ਲਈ ਆਪਣਾ ਘਰ ਹੈ, ਉਹ ਗੁਜ਼ਾਰੇ ਦੀ ਪੱਧਰ ’ਤੇ ਰਹਿੰਦੇ ਹਨ, ਪਰੰਤੂ ਜਿਹੜੇ ਲੋਕ 10,000 ਕਮਾਉਂਦੇ ਹਨ ਪਰ ਕਿਰਾਏ ਦੇ ਮਕਾਨ ਵਿਚ ਰਹਿੰਦੇ ਹਨ, ਉਹ ਅਰਧ ਭੁੱਖਮਰੀ ਦੇ ਪੱਧਰ ’ਤੇ ਰਹਿੰਦੇ ਹਨ।[14]

ਇਸਦਾ ਸਿੱਧਾ ਸਬੰਧ ਰੁਜ਼ਗਾਰ ਦੀ ਸਮੱਸਿਆ ਨਾਲ ਜਾ ਜੁੜਦਾ ਹੈ। ਪੰਜਾਬ ਵਿਚ ਉਪਰੋਥਲੀ ਬਣੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਅਜੇ ਤੱਕ ਇਸਦੀ ਭਰਪਾਈ ਕਰਨ ਵਿਚ ਨਾਕਾਮਯਾਬ ਸਾਬਿਤ ਹੋਈਆ ਹਨ। ਉਚੇਰੀ ਸਿੱਖਿਆ ਹਾਸਿਲ ਕਰਨ ਦੇ ਬਾਵਜੂਦ ਰੋਜ਼ਗਾਰ ਦੇ ਚੰਗੇ ਵਸੀਲੇ ਨਾ ਹੋਣ ਦੇ ਕਾਰਨ ਨੌਜਵਾਨ ਪੀੜ੍ਹੀ ਮਾਨਸਿਕ ਪਰੇਸ਼ਾਨੀਆਂ ਵਿਚ ਘਿਰ ਰਹੀ ਹੈ। “ਪਿੱਛੇ ਜਿਹੇ ਇਕ ਨੌਜਵਾਨ ਨੇ ਤਿੰਨ ਸਾਲ ਤੋਂ ਤਨਖਾਹ ਨਾ ਮਿਲਣ ਦੇ ਚੱਲਦਿਆਂ ਆਪਣੀ ਜਾਨ ਲੈ ਲਈ।”[15] ਬਹੁਤ ਸਾਰੇ ਨੌਜਵਾਨਾਂ ਵਿਚ ਇਹ ਬੇਚੈਨੀ ਫੈਲ ਰਹੀ ਹੈ। ਅਜਿਹੇ ਸਮੇਂ ਵਿਚ ਡੇਰਿਆਂ, ਬਾਬਿਆਂ ਦੇ ਦਰਬਾਰ ਜਾਣਾ ਉਨ੍ਹਾਂ ਨੂੰ ਜ਼ਿੰਦਗੀ ਦਾ ਢਾਰਸ ਬਨਾਉਂਦਾ ਪ੍ਰਤੀਤ ਹੁੰਦਾ ਹੈ।

### ਹ) ਦੇਹਧਾਰੀ ਗੁਰੂਆਂ ਦੀ ਹੋਂਦ:

ਪੰਜਾਬ ਵਿਚ ਦੇਹਧਾਰੀ ਗੁਰੂਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਹਨਾਂ ਦਾ ਸਬੰਧ ਅਲੱਗ-ਅਲੱਗ ਸੰਪਰਦਾਵਾਂ ਨਾਲ ਹੋਣਾ ਜ਼ਰੂਰੀ ਨਹੀਂ ਹੈ। ਇਹ ਕਿਸੇ ਦਰਗਾਹ ’ਤੇ ਬੈਠਾ ਪੀਰ ਜਾਂ ਡੇਰੇ ਵਿਚ ਬੈਠਾ ਉਸਦਾ ਮੁੱਖੀ ਹੋ ਸਕਦਾ ਹੈ। ਇਸ ਤਰ੍ਹਾਂ ਦੇ ਡੇਰੇ ਵੀ ਹਨ ਜੋ ਆਪਣੀ ਸੇਧ ਤਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਲੈਂਦੇ ਹਨ, ਪਰ ਉਹਨਾਂ ਦਾ ਵਿਧੀ-ਵਿਧਾਨ ਸਿੱਖ ਧਰਮ ਨਾਲੋਂ ਵੱਖਰਾ ਹੈ। ਰਾਧਾ ਸੁਆਮੀ ਸਤਿਸੰਗ ਬਿਆਸ ਇਸਦੀ ਇਕ ਉਦਾਹਰਣ ਹੈ। ਇਹਨਾਂ ਬਾਬਿਆਂ, ਧਾਰਮਿਕ ਉਪਦੇਸ਼ਕਾਂ ਦੇ ਵੱਧਣ ਦਾ ਕਾਰਨ ਵੀ ਆਮ ਲੋਕਾਂ ਵਿਚ ਵਧ ਰਹੀ ਅਸੁਰੱਖਿਆ ਦੀ ਭਾਵਨਾ ਹੈ। ਜਿਹੜੇ ਧਾਰਮਿਕ ਅਸਥਾਨਾਂ ’ਤੇ ਇਸ ਤਰ੍ਹਾਂ ਦੇ ਬਾਬੇ, ਸੰਤ ਜਾਂ ਗੁਰੂ ਹਨ, ਉੱਥੇ ਲੋਕਾਂ ਦੀ ਸ਼ਿਰਕਤ ਵਿਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਸਮਕਾਲੀ ਦੌਰ ਵਿਚ ਖ਼ਾਸ ਕਰਕੇ ਪੰਜਾਬ ਵਿਚ ਦੇਹਧਾਰੀ ਗੁਰੂਆਂ, ਬਾਬਿਆਂ ਦਾ ਬੜੀ ਵੱਡੀ ਗਿਣਤੀ ਵਿਚ ਉੱਥਾਨ ਹੋ ਰਿਹਾ ਹੈ। ਇਹਨਾਂ ਬਾਬਿਆਂ ਦੇ ਹੋ ਰਹੇ ਉਥਾਨ ਬਾਰੇ ਡਾ. ਸਿੱਧੂ ਲਿਖਦੇ ਹਨ:

> ਦੂਜੇ ਪਾਸੇ ਦੁਨੀਆਂ ਦੀ ਮੰਡੀ ਵਿਚ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਆਪਣੀਆਂ ਜੀਵਨ ਲਈ ਮੁੱਢਲੀਆਂ ਲੋੜਾਂ ਪ੍ਰਤੀ ਚਿੰਤਤ ਹੋ ਰਹੇ ਹਨ। ਇਨ੍ਹਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਅਖੌਤੀ ‘ਸੰਤ’ ਅਤੇ ‘ਬਾਬੇ’ ਵਰਤ ਰਹੇ ਹਨ। ਇਸ ਪ੍ਰਕਾਰ ਵਿਸ਼ਵ-ਮੰਡੀ ਦੇ ਬਾਜ਼ਾਰ ਵਿਚ ਅਧਿਆਤਮਿਕਤਾ ਨੂੰ ਵਸਤੂ ਦੀ ਤਰ੍ਹਾਂ ਵੇਚਿਆਂ ਅਤੇ ਖ਼ਰੀਦਿਆ ਜਾ ਰਿਹਾ ਹੈ। ਪਿਛਲੀ ਸਦੀ ਦੇ ਚਿੰਤਨ ਵਿਚ ਧਰਮ ਦੇ ਪਤਨ ਦੀ ਜੋ ਚਰਚਾ ਚੱਲੀ ਸੀ, ਉਸ ’ਤੇ ਇਨ੍ਹਾਂ ਨਵੇਂ ਧਾਰਮਿਕ ਰੁਝਾਨਾਂ ਨੇ ਪ੍ਰਸ਼ਨ-ਚਿੰਨ੍ਹ ਲਗਾ ਦਿੱਤਾ ਹੈ।[16]

ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਲੋਕਾਂ ਦਾ ਝੁਕਾਅ ਘੱਟਣ ਦੀ ਬਜਾਏ ਇਹਨਾਂ ਦੇਹ ਧਾਰੀ ਗੁਰੂਆਂ ਵੱਲ ਵਧਿਆ ਹੈ। “ਡੇਰੇ ਲੋਕਾਂ ਨੂੰ ਵਿਸਿਸ਼ਟ ਧਰਮ ਨਾਲੋਂ ਜ਼ਿਆਦਾ ਆਰਾਮ ਅਤੇ ਸੌਖ ਪ੍ਰਦਾਨ ਕਰਦੇ ਹਨ। ਲੋਕਾਂ ਦੀ ਡਾਵਾਂਡੋਲ ਆਰਥਿਕ ਸਥਿਤੀ ਬਹੁਤ ਤਰੀਕਿਆਂ ਨਾਲ ਉਨ੍ਹਾਂ ਨੂੰ ਡੇਰੇ ਨਾਲ ਜੋੜਨ ਵਿਚ ਵਿਸ਼ੇਸ਼ ਰੋਲ ਅਦਾ ਕਰਦੀ ਹੈ।”[17] ਉਹ ਇਹਨਾਂ ਬਾਬਿਆਂ ਤੋਂ ਆਪਣੇ ਦੁੱਖਾਂ ਦਾ ਇਲਾਜ ਹੋ ਜਾਣ ਬਾਰੇ ਆਸਵੰਦ ਹੁੰਦੇ ਹਨ। ਸਿੱਖ ਧਰਮ ਵਿਚ ਵੀ ਲੋਕਾਂ ਨੂੰ ਸਿਰਫ ਗੁਰੂ ਗ੍ਰੰਥ ਸਾਹਿਬ ’ਤੇ ਆਸ਼ਰਿਤ ਹੋਕੇ ਟੇਕ ਨਹੀਂ ਮਿਲਦੀ। ਉਹਨਾਂ ਨੂੰ ਵੀ ਇਕ ਦੇਹਧਾਰੀ ਗੁਰੂ ਦੀ ਲੋੜ ਮਹਿਸੂਸ ਹੁੰਦੀ ਹੈ ਦੇਸਰਾਜ ਕਾਲੀ ਦਾ ਕਥਨ ਹੈ:

ਹੁਣ ਮੈਂ ਬਿਮਾਰ ਹਾਂ, ਹੁਣ ਮੈਂ ਟੁੱਟ ਚੁੱਕਿਆਂ ਹਾਂ, ਹੁਣ ਮੇਰਾ 'ਸ਼ਬਦ' ਨਾਲ ਕੁਝ ਨਹੀਂ ਹੋਣਾ, ਹੁਣ ਮੈਨੂੰ ਇਕ ਦੇਹ ਦੀ ਲੋੜ ਹੈ ਭਾਵ ਲੋਕਾਂ ਦੀ ਇਹ ਇੱਛਾ ਹੈ ਕਿ ਖਾਸ ਬਿਮਾਰੀ ਲਈ ਉਨ੍ਹਾਂ ਨੂੰ ਕੋਈ ਖਾਸ ਦਵਾਈ ਦਿੱਤੀ ਜਾਵੇ, ਸਾਨੂੰ ਕੋਈ ਬਾਬਾ, ਸਾਧੂ ਸੁਣੇ ਅਤੇ ਸਾਡੀ ਉਲਝਣ ਦਾ ਸਮਾਧਾਨ ਦੇਵੇ।[18]

ਦੁੱਖ-ਦਰਦ ਵਿਚ ਘਿਰੇ ਲੋਕਾਂ ਨੂੰ ਕੋਈ ਰਸਤਾ ਦਿਖਾਉਣ ਵਾਲੇ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਸਿੱਖ ਧਰਮ ਵਿਚ ਹਰ ਸਮੱਸਿਆਂ ਦਾ ਹੱਲ ਲੱਭਣ ਲਈ ਗੁਰੂ ਗ੍ਰੰਥ ਸਾਹਿਬ ਦਾ ਸਹਾਰਾ ਲੈਣ ਦੀ ਗੱਲ ਕੀਤੀ ਜਾਂਦੀ ਹੈ। ਆਮ ਲੋਕਾਂ ਲਈ ਹਕੀਕੀ ਰੂਪ ਵਿਚ ਇਹ ਗੱਲ ਅਸੰਭਵ ਜਾਪਦੀ ਹੈ, ਜਿਸ ਕਾਰਨ ਇੱਥੇ ਆ ਕੇ ਉਹ ਉਲਝ ਜਾਂਦੇ ਹਨ ਅਤੇ ਆਪਣੀ ਉਲਝਣ ਦਾ ਹੱਲ ਉਹ ਕਿਸੇ ਬਾਬੇ ਕੋਲ ਜਾ ਕੇ ਲੱਭਣ ਦੀ ਕੋਸ਼ਿਸ਼ ਕਰਦੇ ਹਨ।

ਉਪਰੋਕਤ ਚਰਚਾ ਤੋਂ ਇਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਮਕਾਲੀ ਪੰਜਾਬ ਵਿਚ ਨਵੇਂ ਧਾਰਮਿਕ ਰੁਝਾਨ ਦੇਖਣ ਨੂੰ ਮਿਲ ਰਹੇ ਹਨ ਜਿਸ ਕਾਰਨ ਧਰਮ ਆਪਣੇ ਪੈਰ ਪਾਸਾਰ ਰਿਹਾ ਹੈ। ਬੇਸ਼ਕ ਆਧੁਨਿਕਤਾ ਨੇ ਵਿਸ਼ਵ ਨੂੰ ਰੋਜ਼ੀ ਦੇ ਨਵੇਂ ਵਸੀਲੇ ਦਿੱਤੇ ਪਰ ਜ਼ਮੀਨੀ ਹਕੀਕਤ ਵਿਚ ਇਹ ਉਸ ਤਰ੍ਹਾਂ ਖੁਸ਼ਗਵਾਰ ਸਾਬਿਤ ਨਹੀਂ ਹੋਇਆ ਜਿਸ ਤਰ੍ਹਾਂ ਆਧੁਨਿਕਤਾ ਬਾਰੇ ਕਿਆਸਿਆ ਗਿਆ ਸੀ। ਵਿਸ਼ਵੀਕਰਨ ਦੇ ਬਹੁਤ ਮਾੜੇ ਨਤੀਜੇ ਨਿਕਲੇ ਹਨ ਜਿਨਾਂ ਦੇ ਫਲਸਰੂਪ ਧਰਮ ਦਾ ਉਥਾਨ ਫਿਰ ਹੋ ਰਿਹਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਇਹ ਸੋਚਿਆ ਗਿਆ ਸੀ ਕਿ ਧਰਮ ਦਾ ਦਾਇਰਾ ਬਹੁਤ ਸਿਮਟ ਜਾਵੇਗਾ ਪਰੰਤੂ, ਇਸ ਧਾਰਨਾ ਦੇ ਉਲਟ ਧਰਮ ਹੋਰ ਪ੍ਰਫੁੱਲਿਤ ਹੋ ਰਿਹਾ ਹੈ। ਇਸਦੇ ਕਈ ਠੋਸ ਕਾਰਨ ਹਨ। ਵਿਸ਼ਵੀਕਰਨ ਦਾ ਜ਼ਿਆਦਾ ਲਾਭ ਪੂੰਜੀਵਾਦੀ ਘਰਾਣਿਆਂ ਨੂੰ ਹੀ ਹੋਇਆ ਹੈ ਆਮ ਲੋਕਾਂ ਤੱਕ ਇਸਦੀ ਕੋਈ ਰਸਾਈ ਨਹੀਂ ਹੋਈ। ਇਸ ਕਾਰਨ ਗ਼ਰੀਬੀ ਘਟਣ ਦੀ ਬਜਾਇ ਵਧੀ ਹੈ। ਆਮ ਲੋਕ ਜਿਨਾਂ ਕੋਲ ਜੀਊਣ ਦੇ ਸੀਮਿਤ ਸਾਧਨ ਹਨ ਅਤੇ ਆਰਥਿਕ ਤੌਰ 'ਤੇ ਸੰਪੰਨ ਲੋਕਾਂ ਵਿਚ ਧਾਰਮਿਕ ਕਿਰਿਆਵਾਂ ਪ੍ਰਤੀ ਰੁਚੀ ਵਧੀ ਹੈ।

ਇਕ ਪਾਸੇ ਸਾਧਨ ਸੰਪਨਤਾ ਤੇ ਦੂਜੇ ਪਾਸੇ ਬੇਰੁਜ਼ਗਾਰੀ ਇਸ ਧਾਰਮਿਕ ਉਥਾਨ ਦੀ ਮੂਲ ਚੂਲ ਸਾਬਿਤ ਹੋ ਰਹੀਆਂ ਹਨ। ਬੇਰੁਜ਼ਗਾਰੀ ਨੇ ਨੌਜਵਾਨੀ ਨੂੰ ਹਨੇਰੇ ਭਵਿੱਖ ਅੰਦਰ ਧਕੇਲਣ ਵਿਚ ਆਪਣਾ ਯੋਗਦਾਨ ਪਾਇਆ ਹੈ। ਆਪਣੇ ਭਵਿੱਖ ਬਾਰੇ ਅਨਿਸ਼ਚਿਤਤਾ ਨੌਜਵਾਨੀ ਨੂੰ ਉਦਾਸੀਨ ਕਰ ਰਹੀ ਹੈ। ਜਿਸ ਕਾਰਨ ਪੰਜਾਬ ਵਿਚ ਧਰਮ ਪਹਿਲਾਂ ਨਾਲੋਂ ਵੀ ਵੱਧ ਆਪਣੇ ਪੈਰ ਪਾਸਾਰ ਰਿਹਾ ਹੈ।

**ਹਵਾਲੇ :**


1. Economic globalization refers to the increasing interdependence of world economies as a result of the growing scale of cross-border trade of commodities and services, flow of international capital and wide and rapid spread of technologies.https://www.google.com/search?q=economic+ globalization &oq=econamic+glo&aqs=chrome.1.6i957ji01i0433ji010l8.10586j0j7&sourceid =chromei&e=UTF-8 accessed on 1/04/2022
2. "especially the uncertainties and dislocations caused by economic globalization need to be studied to understand the rise of religion in contemporary world. The Rise of Religion: Does Economic Globalization Have a Role? Yonca Ozdemir, PhD Political Science & International Relations Program Middle East Technical University, Northern Cyprus Campus, p. 7
3. Many people living in developing countries reassert the legitimacy of their own traditional values, of which religion is a part. Iibd P. 6
4. ਗੁਰਮੀਤ ਸਿੰਘ ਸਿੱਧੂ, **ਸਿੱਖੀ ਅਤੇ ਸਿੱਖਾਂ ਦਾ ਭਵਿੱਖ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015, ਪੰਨਾ 101
5. Destabilizes markets: critics of globalization blame the elimination of trade barriers and the freer movement of people for undermining national policies and

local cultures. Labour markets in particular are effected when people move across borders in search of higher paying jobs or companies outsource work and jobs to lower cost labor markets. https://www.techtarget.com/searchico/definition/globalization#:~:text=types%20of%20globalization.-,Economic%20globalization.,are%20examples%20of%20economic%20globalization. Accessed on 1/04/2022

6. In recent yeares, industry has tanked, with predicatable impacts on business people in the state, only about 40% of the companies here are surviving siad Amarjit singh, proprietor of the Ludhiana-based Real Estate Company Bhumi solutions. another 30% have sublet their premises to other businesses and about 30% have shut down. M.Rajshekhar, Why is Punjab increasingly to new gurus for comfort. P2.
7. ਗੁਰਮੀਤ ਸਿੰਘ ਸਿੱਧੂ, **ਉਹੀ**, ਪੰਨਾ 101
8. https://www.youtube.com/watch?v=wlSYISDDeI8 accessed on 4/04/2022
9. ਗੁਰਮੀਤ ਸਿੰਘ ਸਿੱਧੂ, **ਉਹੀ**, 2015,ਪੰਨਾ 93
10. ਗੁਰਮੀਤ ਸਿੰਘ ਸਿੱਧੂ, **ਉਹੀ**, 2015,ਪੰਨਾ 93-94
11. **ਉਹੀ**, ਪੰਨਾ 94
12. https://economictimes.indiatimes.com/news/india/coimbatore-now-has-a-temple-for-corona-devi/in-line-with/slideshow/82855578.cms accessed on 24/04/2022
13. ਗੁਰਭਗਤ ਸਿੰਘ, **ਵਿਸਮਾਦੀ ਪੂੰਜੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010, ਪੰਨਾ 17
14. In Punjab, people who earn rs 10,000 but have thier own home live at subsistence levels, those making rs 10,000 but living in a rented house live at semi-starvation levels. Sucha Singh Gill, director-general of chandigarh's centre for research in rural and industrial development, M. Rajshekhar, Why is Punjab increasingly to new gurus for comfort. P2
15. https://www.bbc.com/punjaib/india-60930108 accessed on 1/04/2022
16. ਗੁਰਮੀਤ ਸਿੰਘ ਸਿੱਧੂ, **ਉਹੀ**, 2015, ਪੰਨਾ 94
17. ਗੁਰਦੇਵ ਸਿੰਘ, **ਪੰਜਾਬੀ ਲੋਕ ਜੀਵਨ ਵਿਚ ਧਾਰਮਿਕ ਡੇਰਾ: ਸਰੂਪ ਅਤੇ ਪ੍ਰਕਾਰਜ** (ਇਕ ਡੇਰੇ ਦੇ ਵਿਸ਼ੇਸ਼ ਪ੍ਰਸੰਗ ਵਿਚ), (ਐਮ. ਫਿਲ ਖੋਜ ਨਿਬੰਧ), 2013-14, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 142-143
18. "I am ailing, I am broken, the book doesn't give me solace, Is that book listening to me? Is it hearing me? I want a remedy for the specific things ailing me. I want a human to hear me and respond to me". Des Raj Kali, M.Rajshekhar, Why is Punjab increasingly to new gurus for comfort. P 3

◈